ਦਫਤਰ ਜ਼ਿਲ੍ਹਾ ਮੈਜਿਸਟਰੇਟ, ਐਸ ਏ ਐਸ ਨਗਰ।
OFFICE OF THE DISTRICT MAGISTRATE, S.A.S. NAGAR
PH: 0172-2219500
FAX: 0172-2219501
EMAIL: dc.mhl@punjab.gov.in

Ref. No.DCM/MA/2021/ 9198

Dated 18/05 /2021

## ਹੁਕਮ

ਕੋਵਿਡ 19 ਦੀ ਬਿਮਾਰੀ ਦੇ ਕੇਸਾਂ ਵਿੱਚ ਬਹੁਤ ਜਿਆਦਾ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਇਸ ਬਿਮਾਰੀ ਕਾਰਣ ਸਥਿਤੀ ਗੰਭੀਰ ਹੋਣ ਦੀ ਸੂਰਤ ਵਿੱਚ dead bodies ਦੇ ਸੰਸਕਾਰ ਲਈ ਸ਼ਮਸ਼ਾਨਘਾਟ ਦੀ ਸਮਰਥਾ ਵਿੱਚ ਵਾਧਾ ਕਰਨ ਦੀ ਜਰੂਰਤ ਵੀ ਹੋ ਸਕਦੀ ਹੈ। ਇਸ ਲਈ ਇਸ ਦਫਤਰ ਵੱਲੋਂ ਪੱਤਰ ਨੰ. 8074 ਮਿਤੀ 03.05.2021 ਰਾਹੀਂ ਉਕਤ ਨੂੰ ਮੁੱਖ ਰੱਖਦੇ ਹੋਏ ਇਸ ਸਬੰਧੀ ਸਾਰੇ ਕੰਮ ਮੁਕੰਮਲ ਕਰਨ ਲਈ ਸ੍ਰੀ ਗਿਰੀਸ਼ ਵਰਮਾ, ਸਹਾਇਕ ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ. ਨਗਰ (98727-30514) ਨੂੰ ਜਿਲ੍ਹੇ ਦਾ ਬਤੌਰ ਨੋਡਲ ਅਫਸਰ ਲਗਾਇਆ ਗਿਆ ਸੀ।

ਉਕਤ ਅਧਿਕਾਰੀ ਦੇ ਛੁੱਟੀ ਤੇ ਹੋਣ ਕਰਕੇ ਉਨ੍ਹਾਂ ਦੇ ਸਥਾਨ ਤੇ ਸ੍ਰੀ ਕਮਲਦੀਪ ਸਿੰਘ, ਕਾਰਜਾਰੀ ਇੰਜੀਨੀਅਰ, ਨਗਰ ਨਿਗਮ, ਐਸ.ਏ.ਐਸ. ਨਗਰ(9646300021) ਨੂੰ ਇਸ ਬਿਮਾਰੀ ਕਾਰਣ ਵਿਅਕਤੀਆਂ ਦੀ ਮੋਤ ਹੋਣ ਉਪਰੰਤ ਉਨ੍ਹਾਂ ਮ੍ਰਿਤਕਾਂ ਦਾ ਅੰਤਿਮ ਸੰਸਕਾਰ ਕਰਨ ਲਈ ਬਣਦੇ ਪ੍ਰਬੰਧ ਕਰਨ ਲਈ ਜਿਲ੍ਹੇ ਦਾ ਨੋਡਲ ਅਫਸਰ ਤਾਇਨਾਤ ਕੀਤਾ ਜਾਂਦਾ ਹੈ। ਇਹ ਨੋਡਲ ਅਫਸਰ ਨਿਮਨ ਅਨੁਸਾਰ ਕਾਰਵਾਈ ਕਰਨ ਲਈ ਜਿੰਮੇਵਾਰ ਹੋਣਗੇ।

1. ਮ੍ਰਿਤਕਾਂ ਦੇ ਸੰਸਕਾਰ ਸਬੰਧੀ ਸੂਚਨਾ ਪ੍ਰਾਪਤ ਕਰਨ ਲਈ ਇੱਕ ਹੈਲਪਲਾਈਨ ਨੰਬਰ (ਸਮੇਤ ਵਟਸਐਪ) ਲਗਾਇਆ ਜਾਵੇਗਾ। ਇਸ ਫੋਨ ਤੇ ਪ੍ਰਾਪਤ ਹੋਈਆਂ ਸਾਰੀਆਂ ਕਾਲਾਂ ਦਾ ਨਿਪਟਾਰਾ ਪਹਿਲ ਦੇ ਆਧਾਰ ਤੇ ਸਬੰਧਤਾਂ ਨਾਲ ਤਾਲਮੇਲ ਕਰਕੇ ਕੀਤਾ ਜਾਵੇਗਾ। ਇਸ ਨੰਬਰ ਦੀ ਜਾਣਕਾਰੀ ਆਮ ਲੋਕਾਂ ਨੂੰ ਵੀ ਦੇਣ ਲਈ ਪਬਲੀਸਿਟੀ ਕਰਵਾਈ ਜਾਵੇ।
2. ਸ਼ਮਸਾਨਘਾਟ ਦੇ ਨੁਮਾਇੰਦੀਆਂ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨਾਲ ਤਾਲਮੇਲ ਕਰਕੇ ਅੰਤਿਮ ਸੰਸਕਾਰ ਕਰਨ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ.
3. ਜੇਕਰ ਮ੍ਰਿਤਕ ਇਸ ਜਿਲ੍ਹੇ ਨਾਲ ਸੰਬਧਤ ਹੋਵੇ ਅਤੇ ਉਸ ਦੀ ਮੋਤ ਹੋਰ ਜਿਲ੍ਹੇ ਦੇ ਹਸਪਤਾਲ ਵਿੱਚ ਹੋ ਜਾਂਦੀ ਹੈ ਤਾਂ ਉਸ ਦਾ ਅੰਤਿਮ ਸੰਸਕਾਰ ਇਸ ਜਿਲ੍ਹੇ ਵਿੱਚ ਕਰਨ ਲਈ ਬਣਦੇ ਪ੍ਰਬੰਧ ਕੀਤੇ ਜਾਣਗੇ।
4. ਮ੍ਰਿਤਕਾਂ ਦੇ ਸੰਸਕਾਰ ਕਰਨ ਲਈ ਸਿਹਤ ਵਿਭਾਗ ਤੇ ਜਿਆਦਾ ਬੋਝ ਨਹੀਂ ਪਾਇਆ ਜਾਵੇਗਾ ਕਿਉਂਕਿ ਉਹ ਪਹਿਲਾਂ ਹੀ ਕੋਵਿਡ 19 ਸੰਬਧੀ ਡਿਊਟੀਆਂ ਵਿੱਚ ਮਸ਼ਰੂਫ ਹਨ ਅਤੇ ਇਹ ਸਾਰੇ ਪ੍ਰਬੰਧ ਨੋਡਲ ਅਫਸਰ ਵੱਲੋਂ ਆਪਣੇ ਪੱਧਰ ਤੇ ਹੀ ਕਰਵਾਏ ਜਾਣਗੇ।
5. ਜਿਲ੍ਹੇ ਵਿਚ ਸਥਿਤ ਸ਼ਮਸ਼ਾਨ ਘਾਟਾਂ ਦੀ ਸਮਰੱਥਾ ਨੂੰ ਲੋੜ ਅਨੁਸਾਰ ਵਧਾਉਣ ਲਈ ਕਾਰਵਾਈ ਕੀਤੀ ਜਾਵੇ ਤਾਂ ਜੋ ਮ੍ਰਿਤਕਾ ਦਾ ਸੰਸਕਾਰ ਸਮੇਂ ਸਿਰ ਕੀਤਾ ਜਾ ਸਕੇ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵਿੱਚ ਵੀ ਕੋਈ ਰੋਸ਼ ਪੈਦਾ ਨਾ ਹੋਵੇ।
6. ਇਸ ਕੰਮ ਲਈ ਜਿਲ੍ਹੇ ਦੇ ਸਾਰੇ ਕਾਰਜ ਸਾਧਕ ਅਫਸਰ/ ਬੀ.ਡੀ.ਪੀ.ਓ. ਨੋਡਲ ਅਫਸਰ ਨੂੰ ਬਣਦਾ ਸਹਿਯੋਗ ਦੇਣਾ ਯਕੀਨੀ ਬਣਾਉਣਗੇ।
7. ਜਿਲ੍ਹੇ ਦੇ ਸਾਰੇ ਸਮਸ਼ਾਨਘਾਟਾਂ ਦੀ ਲਿਸਟ ਉਘੀਆਂ ਥਾਵਾਂ ਤੇ ਲਗਾਈ ਜਾਵੇ ਤਾਂ ਜੋ ਇਸ ਸਬੰਧੀ ਆਮ ਲੋਕਾਂ ਨੂੰ ਵੀ ਜਾਣਕਾਰੀ ਮਿਲ ਸਕੇ।
8. ਨੋਡਲ ਅਫਸਰ, ਸਿਹਤ ਵਿਭਾਗ ਨਾਲ ਤਾਲਮੇਲ ਕਰਕੇ ਮ੍ਰਿਤਕ ਦੀ Dead Body ਨੂੰ ਜਲਦੀ ਤੋਂ ਜਲਦੀ ਪ੍ਰਾਪਤ ਕਰਨਗੇ ਅਤੇ ਸਿਵਲ ਸਰਜਨ ਵੀ ਇਸ ਸਬੰਧੀ ਪਹਿਲ ਦੇ ਆਧਾਰ ਤੇ ਕਾਰਵਾਈ ਕਰਨਗੇ ਤਾਂ ਜੋ ਮ੍ਰਿਤਕ ਸ਼ਰੀਰ ਤੋਂ ਅੱਗੇ ਸੰਕਰਮਣ ਦਾ ਨਾ ਹੋ ਸਕੇ।
9. ਨੋਡਲ ਅਫਸਰ ਮ੍ਰਿਤਕ ਦੇ ਸੰਸਕਾਰ ਸਮੇਂ ਭਾਰਤ ਸਰਕਾਰ/ ਰਾਜ ਸਰਕਾਰ / ਸਿਹਤ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਉਣਗੇ।

ਕਮਿਸ਼ਨਰ, ਨਗਰ ਨਿਗਮ ਇਸ ਸਾਰੇ ਕੰਮ ਦੀ ਦੇਖਰੇਖ ਕੀਤਾ ਜਾਣੀ ਯਕੀਨੀ ਬਣਾਉਣਗੇ।

ਵਧੀਕ ਡਿਪਟੀ ਕਮਿਸ਼ਨਰ (ਜ)
ਐਸ.ਏ.ਐਸ. ਨਗਰ।

ਪਿੱਠ ਅੰਕਣ ਨੰ. 9199-9218 ਫਸ/
ਇਸ ਦਾ ਇੱਕ ਉਤਾਰਾ

ਮਿਤੀ 18/05 /2021

1. ਸੀਨੀਅਰ ਪੁਲਿਸ ਕਪਤਾਨ,ਨਗਰ .ਐਸ.ਏ.ਐਸ , ਨਗਰ।
2. ਵਧੀਕ ਡਿਪਟੀ ਕਮਿਸ਼ਨਰ ,(ਵਿਕਾਸ)ਐਸ,ਨਗਰ .ਐਸ.ਏ. ਨਗਰ।
3. ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ. ਨਗਰ,
4. ਵਧੀਕ ਮੁੱਖ ਪ੍ਰਸ਼ਾਸ਼ਕ, ਗਮਾਡਾ, ਐਸ.ਏ.ਐਸ.ਨ ਗਰ,
5. ਉਪ ਮੰਡਲ ਮੈਜਿਸਟਰੇਟ,ਡੇਰਾਬੱਸੀ ,ਖਰੜ ,ਮੁਹਾਲੀ ,
6. ਸਿਵਲ ਸਰਜਨ,ਨਗਰ .ਐਸ.ਏ.ਐਸ , ਨਗਰ
7. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਐਸ.ਏ.ਐਸ. ਨਗਰ
8. ਸਹਾਇਕ ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ. ਨਗਰ
9. ਸਮੂਹ ਕਾਰਜਾ ਸਾਧਕ ਅਫਸਰ, ਨਗਰ ਕੌਂਸਲ, ਜਿਲ੍ਹਾ ਐਸ.ਏ.ਐਸ.ਨ ਗਰ,
10. ਸਮੂਹ ਬੀ.ਡੀ.ਪੀ.ਓ, ਜਿਲ੍ਹਾ ਐਸ.ਏ.ਐਸ. ਨਗਰ

ਨੂੰ ਲੋੜੀਂਦੀ ਕਾਰਵਾਈ ਅਤੇ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

18/05/2021
ਵਾ,ਡਿਪਟੀ ਕਮਿਸ਼ਨਰ।
ਐਸ.ਏ.ਐਸ. ਨਗਰ।